Alberta Government

# ਨਿਊਜ਼ ਰਿਲੀਜ਼

# ਅਲਬਰਟਾ ਦੇ ਸਰਵਉੱਚ ਸਨਮਾਨ ਲਈ ਨਾਮਜ਼ਦਗੀਆਂ ਖੁੱਲ੍ਹ ਗਈਆਂ ਹਨ

5 ਜਨਵਰੀ 2023

ਅਲਬਰਟਾ ਵਾਸੀਆਂ ਨੂੰ ਅਲਬਰਟਾ ਆਰਡਰ ਆਫ਼ ਐਕਸੀਲੈਂਸ ਵਿੱਚ ਮੈਂਬਰਸ਼ਿਪ ਵਾਸਤੇ ਉੱਘੇ ਨਾਗਰਿਕਾਂ, ਨੇਤਾਵਾਂ ਅਤੇ ਖੋਜਕਾਰਾਂ ਨੂੰ ਨਾਮਜ਼ਦ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਸ ਸਾਲ 10 ਤੱਕ ਵਿਅਕਤੀਆਂ ਨੂੰ ਉਨ੍ਹਾਂ ਦੇ ਭਾਈਚਾਰੇ, ਸੂਬੇ ਅਤੇ ਬਾਹਰ ਸ਼ਾਨਦਾਰ ਯੋਗਦਾਨ ਦੀ ਮਾਨਤਾ ਵਜੋਂ ਆਰਡਰ ਵਿੱਚ ਸ਼ਾਮਲ ਕੀਤਾ ਜਾਵੇਗਾ।

ਨਾਮਜ਼ਦਗੀਆਂ ਨੂੰ ਸਾਲ ਭਰ ਸਵੀਕਾਰ ਕੀਤਾ ਜਾਂਦਾ ਹੈ ਪਰ ਇਸ ਸਾਲ ਸਨਮਾਨਿਤ ਕਰਨ ਵਾਸਤੇ ਵਿਚਾਰੇ ਜਾਣ ਲਈ ਇਹ 15 ਫਰਵਰੀ ਤੱਕ ਲਾਜ਼ਮੀ ਪ੍ਰਾਪਤ ਹੋ ਜਾਣੀਆਂ ਚਾਹੀਦੀਆਂ ਹਨ। 2023 ਵਿੱਚ ਨਾ ਚੁਣੀਆਂ ਗਈਆਂ ਨਾਮਜ਼ਦਗੀਆਂ ਨੂੰ ਤਿੰਨ ਸਾਲਾਂ ਤੱਕ ਵਿਚਾਰਿਆ ਜਾਵੇਗਾ।

ਇਹ ਜ਼ਰੂਰੀ ਹੈ ਕਿ ਨਾਮਜ਼ਦ ਵਿਅਕਤੀ ਇਸ ਸਮੇਂ ਅਲਬਰਟਾ ਵਿੱਚ ਰਹਿ ਰਿਹਾ ਕੈਨੇਡੀਅਨ ਨਾਗਰਿਕ ਹੋਵੇ ਅਤੇ, ਜੇਕਰ ਚੁਣਿਆ ਜਾਂਦਾ ਹੈ, ਤਾਂ ਸਨਮਾਨ ਸਮਾਰੋਹ ਵਿੱਚ ਸ਼ਾਮਲ ਹੋਣ ਦੇ ਯੋਗ ਹੋਵੇ। ਲੋਕ ਆਪਣੇ ਆਪ ਨੂੰ, ਆਪਣੇ ਜੀਵਨ ਸਾਥੀ ਜਾਂ ਆਪਣੇ ਨਜ਼ਦੀਕੀ ਪਰਿਵਾਰ ਦੇ ਕਿਸੇ ਮੈਂਬਰ ਨੂੰ ਨਾਮਜ਼ਦ ਨਹੀਂ ਕਰ ਸਕਦੇ ਹਨ।

ਨਾਮਜ਼ਦਗੀ ਦੇ ਦਿਸ਼ਾ-ਨਿਰਦੇਸ਼ਾਂ, ਨਾਮਜ਼ਦਗੀ ਫਾਰਮਾਂ ਅਤੇ ਪਿਛਲੇ ਸ਼ਾਮਲ ਕੀਤੇ ਵਿਅਕਤੀਆਂ ਦੀਆਂ ਜੀਵਨੀਆਂ ਸਮੇਤ ਆਰਡਰ ਬਾਰੇ ਜਾਣਕਾਰੀ, ਅਲਬਰਟਾ ਆਰਡਰ ਆਫ਼ ਐਕਸੀਲੈਂਸ ਦੀ ਵੈੱਬਸਾਈਟ 'ਤੇ ਉਪਲਬਧ ਹੈ।

## ਸੰਬੰਧਿਤ ਜਾਣਕਾਰੀ

ਅਲਬਰਟਾ ਆਰਡਰ ਆਫ਼ ਐਕਸੀਲੈਂਸ

## ਮੀਡੀਆ ਵੱਲੋਂ ਪੁੱਛਗਿੱਛ

ਗੈਰੀ ਜੀ. ਮਾਰ (Gary G. Mar)
mar@cwf.ca
587-897-3311
ਮੁਖੀ,
ਅਲਬਰਟਾ ਆਰਡਰ ਆਫ ਐਕਸੀਲੈਂਸ ਕਾਉਂਸਿਲ

ਗੇਲ ਸਟੈਨਾਰਡ (Gayle Stannard)
gaylest@telus.net
780-953-4020
ਐਗਜ਼ੀਕਿਉਟਿਵ ਡਾਇਰੈਕਟਰ,
ਅਲਬਰਟਾ ਆਰਡਰ ਆਫ ਐਕਸੀਲੈਂਸ